# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 08-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿਖੇ 10ਵੀਂ ਇੰਡੀਆ ਮੋਬਾਈਲ ਕਾਂਗਰਸ' ਦਾ ਉਦਘਾਟਨ ਕਰਨਗੇ।
- GST ਕੌਂਸਲ ਦੀ 57ਵੀਂ ਮੀਟਿੰਗ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋਵੇਗੀ।
- ਉਘੇ ਫਿਲਮ ਅਦਾਕਾਰ ਨਾਨਾ ਪਾਟੇਕਰ ਦਾ ਅੱਜ ਸਵੇਰੇ 75 ਸਾਲਾਂ ਦੀ ਉਮਰ 'ਚ ਦੇਹਾਂਤ ਹੋ ਗਿਆ ਏ |
- ਅੱਜ ਭਾਰਤੀ ਹਵਾਈ ਸੈਨਾ ਦਿਵਸ ਮਨਾਇਆ ਜਾ ਰਿਹਾ ਏ ।
- ਮਾਨੁਸ਼ ਸ਼ਾਹ ਅਤੇ ਦੀਆ ਚਿਤਾਲੇ ਦੀ ਭਾਰਤੀ ਜੋੜੀ ਨੇ CHINA ਗ੍ਰੈਂਡ ਸਮੈਸ਼ ਟੇਬਲ ਟੈਨਿਸ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਏ |

***ਹੁਣ ਖਬਰਾਂ ਵਿਸਥਾਰ ਨਾਲ***

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿਖੇ 'ਇੰਡੀਆ ਮੋਬਾਈਲ ਕਾਂਗਰਸ' (IMC) ਦੇ 10ਵੇਂ ਐਡੀਸ਼ਨ ਦਾ

ਉਦਘਾਟਨ ਕਰਨਗੇ। ਇਹ ਸਮਾਗਮ 10 ਤਰੀਕ  ਤੱਕ ਜਾਰੀ ਰਹੇਗਾ। ਇਸ ਵਿੱਚ ਦੂਰਸੰਚਾਰ, ਡਿਜੀਟਲ ਸੰਪਰਕ ਅਤੇ ਤਕਨੀਕੀ ਨਵੀਨਤਾ ਦੇ ਖੇਤਰਾਂ ਵਿੱਚ ਭਾਰਤ ਦੀ ਸ਼ਾਨਦਾਰ ਤਰੱਕੀ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਇਹ ਸਹਿਯੋਗ, ਨਿਵੇਸ਼ ਅਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਇੱਕ ਵਿਸ਼ਵਵਿਆਪੀ ਮੰਚ ਪ੍ਰਦਾਨ ਕਰੇਗਾ। IMC-2026 ਦਾ ਵਿਸ਼ਾ (Scale Without Boundaries - ਸੀਮਾਵਾਂ ਤੋਂ ਪਰੇ ਵਿਸਥਾਰ ), ਜੋ ਡਿਜੀਟਲ ਨਵੀਨਤਾ, ਅਗਲੀ ਪੀੜ੍ਹੀ ਦੇ ਸੰਪਰਕ ਅਤੇ ਤਕਨਾਲੋਜੀ-ਅਧਾਰਿਤ ਵਿਕਾਸ ਵਿੱਚ ਭਾਰਤ ਦੀਆਂ ਵਧ ਰਹੀਆਂ ਸਮਰੱਥਾਵਾਂ ਨੂੰ ਦਰਸਾਉਂਦਾ ਹੈ। ਇਹ ਸਮਾਗਮ ਦੂਰਸੰਚਾਰ ਵਿਭਾਗ ਅਤੇ ਸੈਲੂਲਰ ਆਪਰੇਟਰਜ਼ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਜਾ ਰਿਹਾ ਹੈ।  ਇਸ ਵਿੱਚ ਆਲਮੀ ਤਕਨਾਲੋਜੀ ਖੇਤਰ ਦੇ ਪ੍ਰਮੁੱਖ ਆਗੂ, ਨੀਤੀ ਨਿਰਮਾਤਾ,  ਉਦਯੋਗ ਮਾਹਰ, ਸਟਾਰਟਅੱਪ, ਨਿਵੇਸ਼ਕ ਅਤੇ ਨਵੀਨਤਾਕਾਰ ਡਿਜੀਟਲ ਖੇਤਰ ਵਿੱਚ ਉੱਭਰ ਰਹੇ ਮੌਕਿਆਂ ਬਾਰੇ ਚਰਚਾ ਕਰਨਗੇ।  ਇਸ ਸਾਲ ਦਾ ਸਮਾਗਮ ਨੌਂ ਮੁੱਖ ਖੇਤਰਾਂ 'ਤੇ ਕੇਂਦ੍ਰਿਤ ਹੋਵੇਗਾ | ਇਸ ਸਮਾਗਮ ਵਿੱਚ 100 ਤੋਂ ਵੱਧ ਦੇਸ਼ਾਂ ਦੇ ਡੇਢ ਲੱਖ  ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਸ ਵਿੱਚ 500 ਤੋਂ ਵੱਧ ਭਾਈਵਾਲ ਅਤੇ ਪ੍ਰਦਰਸ਼ਕ, 600 ਸਟਾਰਟਅੱਪਸ ਅਤੇ 900 ਮਾਹਿਰ ਤੇ ਵਿਚਾਰਕ ਹਿੱਸਾ ਲੈਣਗੇ |

---------------------------------------------------------------

GST ਕੌਂਸਲ ਦੀ 57ਵੀਂ ਮੀਟਿੰਗ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋਵੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਇਸ ਮੀਟਿੰਗ ਵਿੱਚ GST ਨਾਲ ਸਬੰਧਤ ਵਿਵਾਦਾਂ ਨੂੰ ਹੱਲ ਕਰਨ ਅਤੇ 'ਇਨਪੁਟ ਟੈਕਸ ਕ੍ਰੈਡਿਟ' (ITC) ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ ਲਈ ਨੀਤੀਗਤ ਸੁਧਾਰਾਂ 'ਤੇ ਚਰਚਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਦਾ ਉਦੇਸ਼ ਨਿਯਮਾਂ ਦੀ ਪਾਲਣਾ ਨਾਲ ਜੁੜੇ ਸਮੇਂ ਅਤੇ ਲਾਗਤ ਨੂੰ ਘਟਾਉਣਾ ਹੈ। ਵਿੱਤ ਮੰਤਰਾਲੇ ਅਨੁਸਾਰ, ਸਰਕਾਰ ਵਸਤੂ ਅਤੇ ਸੇਵਾ ਟੈਕਸ  (GST) ਪ੍ਰਣਾਲੀ ਵਿੱਚ ਸੁਧਾਰਾਂ ਦੇ ਅਗਲੇ ਪੜਾਅ ਲਈ ਪੰਜ-ਨੁਕਾਤੀ ਯੋਜਨਾ ਪੇਸ਼ ਕਰੇਗੀ। ਇਨ੍ਹਾਂ ਸੁਧਾਰਾਂ ਦਾ ਉਦੇਸ਼ GST ਪ੍ਰਣਾਲੀ  ਅੰਦਰ ਮੌਜੂਦਾ ਪ੍ਰਸ਼ਾਸਨਿਕ ਰੁਕਾਵਟਾਂ ਨੂੰ ਸਵੈਚਾਲਿਤ ਅਤੇ ਸਰਲ ਬਣਾਉਣਾ ਅਤੇ ਖਾਸ ਕਰਕੇ ਛੋਟੇ ਕਾਰੋਬਾਰਾਂ ਲਈ ਪਾਲਣਾ ਦੇ ਬੋਝ ਨੂੰ ਘਟਾਉਣਾ ਹੈ। ਇਨ੍ਹਾਂ ਤਜਵੀਜ਼ਾਂ  ਵਿੱਚ ਪ੍ਰਕਿਰਿਆਤਮਕ ਅਤੇ ਢਾਂਚਾਗਤ ਸੁਧਾਰ, ਜੀਵਨ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਵਧਾਉਣ ਦੇ ਉਪਾਅ, ਅਤੇ ਸੇਵਾਵਾਂ ਦੀ ਬਰਾਮਦ ਈ-ਕਾਮਰਸ ਨਾਲ ਸਬੰਧਤ ਸੁਧਾਰ ਸ਼ਾਮਲ ਨੇ । GST ਕੌਂਸਲ ਦੀ ਪਿਛਲੀ ਮੀਟਿੰਗ ਪਿਛਲੇ ਸਾਲ ਸਤੰਬਰ ਵਿੱਚ ਹੋਈ ਸੀ; ਉਸ ਮੀਟਿੰਗ ਵਿੱਚ ਆਮ ਲੋਕਾਂ , ਕਿਰਤ-ਅਧਾਰਿਤ ਉਦਯੋਗਾਂ, ਕਿਸਾਨਾਂ ਅਤੇ ਖੇਤੀਬਾੜੀ, ਸਿਹਤ ਤੇ ਆਰਥਿਕਤਾ ਵਰਗੇ ਮੁੱਖ ਖੇਤਰਾਂ ਨੂੰ ਧਿਆਨ ਵਿੱਚ ਰੱਖਦਿਆਂ GST ਦਰਾਂ ਨੂੰ ਤਰਕਸੰਗਤ ਬਣਾਉਣ ਨੂੰ ਮਨਜ਼ੂਰੀ ਦਿੱਤੀ ਗਈ ਸੀ।

---------------------------------------------------

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਬੀਤੀ ਰਾਤ ਅਬਿਦਜਾਨ ਵਿਖੇ ਕੋਟ ਡੀ ਆਈਵਰੀ (Côte d'Ivoire) ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ, ਤੇਨੇ ਬਿਰਾਹਿਮਾ ਓਆਤਰਾ  ਨਾਲ ਮੁਲਾਕਾਤ ਕੀਤੀ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ, ਡਾ. ਜੈਸ਼ੰਕਰ ਨੇ ਦੱਸਿਆ ਕਿ ਦੋਵਾਂ ਦੇਸ਼ਾਂ  ਨੇ ਆਪਣੀ ਵਧ ਰਹੀ ਰੱਖਿਆ ਭਾਈਵਾਲੀ ਬਾਰੇ ਚਰਚਾ ਕੀਤੀ, ਜੋ ਆਪਸੀ ਭਰੋਸੇ, ਸਮਰੱਥਾ ਨਿਰਮਾਣ ਅਤੇ ਸਾਂਝੇ ਹਿੱਤਾਂ 'ਤੇ ਅਧਾਰਤ ਹੈ। ਉਨ੍ਹਾਂ ਨੇ ਰੱਖਿਆ ਅਤੇ ਦਹਿਸ਼ਤਗਰਦੀ -ਵਿਰੋਧੀ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਮੌਕਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ, ਜਿਸ  ਵਿੱਚ ਸਿਖਲਾਈ ਅਤੇ ਸੰਸਥਾਗਤ ਪੱਧਰ 'ਤੇ ਆਪਸੀ ਸਹਿਯੋਗ  ਨੂੰ ਵਧਾਉਣਾ ਸ਼ਾਮਲ ਹੈ। ਵਿਦੇਸ਼ ਮੰਤਰੀ ਨੇ ਕੋਟ ਡੀ ਆਈਵਰੀ ਦੀ ਵਿਦੇਸ਼ ਮਾਮਲਿਆਂ ਅਤੇ ਅੰਤਰਰਾਸ਼ਟਰੀ ਸਹਿਯੋਗ ਮੰਤਰੀ, ਨਿਆਲੇ ਕਾਬਾ  ਨਾਲ ਵੀ ਵੇਰਵੇ ਸਹਿਤ  ਗੱਲਬਾਤ ਕੀਤੀ। ਇਹ ਗੱਲਬਾਤ ਵਪਾਰ, ਨਿਵੇਸ਼, ਬੁਨਿਆਦੀ ਢਾਂਚੇ, ਖੇਤੀਬਾੜੀ, ਸਿਹਤ ਅਤੇ ਲੋਕਾਂ ਵਿਚਕਾਰ ਆਪਸੀ ਸੰਪਰਕ ਵਰਗੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਕੇਂਦਰਿਤ ਰਹੀ ।  ਇਹ ਮੀਟਿੰਗਾਂ ਡਾ. ਜੈਸ਼ੰਕਰ ਦੇ ਘਾਨਾ, ਕੋਟ ਡੀ ਆਈਵਰੀ ਅਤੇ ਇਥੋਪੀਆ ਦੇ ਪੰਜ-ਦਿਨਾਂ ਅਧਿਕਾਰਤ ਦੌਰੇ ਦਾ ਹਿੱਸਾ ਨੇ |

-----------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਰਕਾਰ ਦੇ ਮੁਖੀ ਵਜੋਂ 25 ਸਾਲ ਪੂਰੇ ਹੋਣ ਮੌਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਦਿੱਤੀਆਂ ਸ਼ੁਭਕਾਮਨਾਵਾਂ ਅਤੇ ਸਨੇਹਪੂਰਨ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਨੇ ਹੁਣ ਤੱਕ ਜੋ ਤਰੱਕੀ ਕੀਤੀ ਹੈ, ਉਸ ਵਿੱਚ ਕਰੋੜਾਂ ਭਾਰਤੀਆਂ ਦੀ ਹਿੱਸੇਦਾਰੀ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਵਿਸ਼ਵਾਸ ਅਤੇ ਦ੍ਰਿੜ੍ਹ ਸੰਕਲਪ ਨਾਲ ਦੇਸ਼ ਦੇ ਬਦਲਾਅ ਵਿੱਚ ਯੋਗਦਾਨ ਪਾਇਆ ਹੈ। ਪ੍ਰਧਾਨ ਮੰਤਰੀ ਨੇ ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਦਾ ਵੀ ਉਨ੍ਹਾਂ ਦੀਆਂ ਸ਼ੁਭਕਾਮਨਾਵਾਂ ਅਤੇ ਸਨੇਹ ਭਰੇ ਸ਼ਬਦਾਂ ਲਈ ਧੰਨਵਾਦ ਕੀਤਾ।

-----------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ 17 ਸਤੰਬਰ ਨੂੰ ਗੁਜਰਾਤ ਦੇ ਵਡਨਗਰ ਤੋਂ ਸ਼ੁਰੂ ਹੋਈ 'ਬਾਈਕ ਸੇਵਾ ਯਾਤਰਾ' ਕੱਲ੍ਹ ਕਾਸ਼ੀ ਵਿੱਚ ਖਤਮ ਹੋਈ। ਇਸ ਮੌਕੇ ਕਾਸ਼ੀ ਵਿੱਚ ਆਯੋਜਿਤ ਸਮਾਪਤੀ ਸਮਾਰੋਹ ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸੰਬੋਧਨ ਕੀਤਾ। ਇਸ ਸਮਾਗਮ ਵਿੱਚBJP ਦੇ ਕੌਮੀ ਪ੍ਰਧਾਨ ਨਿਤਿਨ ਨਬਿਨ ਵੀ ਮੌਜੂਦ ਸਨ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਕਿ ਪਿਛਲੇ 12 ਸਾਲਾਂ ਦੌਰਾਨ ਕਾਸ਼ੀ ਅਤੇ ਪਿਛਲੇ ਇੱਕ ਦਹਾਕੇ ਦੌਰਾਨ ਉੱਤਰ ਪ੍ਰਦੇਸ਼ ਵਿੱਚ ਆਏ ਬਦਲਾਅ ਪੂਰੇ ਦੇਸ਼ ਦੇ ਸਾਹਮਣੇ ਸਪੱਸ਼ਟ ਨੇ । ਵਡਨਗਰ ਤੋਂ ਕਾਸ਼ੀ ਤੱਕ ਸਫ਼ਰ ਕਰਨ ਵਾਲੇ ਬਾਈਕ ਸਵਾਰਾਂ ਅਤੇ

ਹੋਰ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਸ਼ੀ ਵਿਸ਼ਵਨਾਥ ਧਾਮ, ਅਯੁੱਧਿਆ ਵਿੱਚ ਰਾਮ ਮੰਦਰ, ਮਾਂ ਵਿੰਧਿਆਵਾਸਿਨੀ ਕੋਰੀਡੋਰ, ਮਹਾਕੁੰਭ ਅਤੇ ਮਥੁਰਾ-ਵ੍ਰਿੰਦਾਵਨ ਦੀ ਸੱਭਿਆਚਾਰਕ ਪਛਾਣ ਵਰਗੇ ਅਹਿਮ ਸਥਾਨ ਹੁਣ 'ਨਵੇਂ ਭਾਰਤ' ਅਤੇ 'ਨਵੇਂ ਉੱਤਰ ਪ੍ਰਦੇਸ਼' ਦੇ ਪ੍ਰਤੀਕ ਬਣ ਗਏ ਨੇ ।

-------------------------------------------------------------

ਉਘੇ ਫ਼ਿਲਮ  ਅਦਾਕਾਰ  ਨਾਨਾ ਪਾਟੇਕਰ ਦਾ ਅੱਜ ਸਵੇਰੇ ਗੋਆ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ ਏ | ਉਹ 75 ਸਾਲਾਂ ਦੇ ਸਨ | ਖਬਰਾਂ ਅਨੁਸਾਰ, ਨਾਨਾ ਪਾਟੇਕਰ ਆਪਣੇ ਘਰ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਪਾਏ ਗਏ ਅਤੇ ਉਨ੍ਹਾਂ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ। ਮੁੱਢਲੀ ਜਾਣਕਾਰੀ ਮੁਤਾਬਕ, ਡਾਕਟਰਾਂ ਨੇ ਉਨ੍ਹਾਂ ਨੂੰ ਬਚਾਉਣ ਲਈ ਲਗਭਗ 45 ਮਿੰਟ ਤੱਕ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਤੇ ਇਲਾਜ ਦਾ ਕੋਈ ਅਸਰ ਨਹੀਂ ਹੋਇਆ । ਭਾਰਤ ਦੇ ਸਭ ਤੋਂ ਵੱਧ ਸਤਿਕਾਰਤ ਅਦਾਕਾਰਾਂ ਵਿੱਚੋਂ ਇੱਕ, ਪਾਟੇਕਰ ਹਿੰਦੀ ਅਤੇ ਮਰਾਠੀ ਸਿਨੇਮਾ ਵਿੱਚ ਆਪਣੀ ਅਦਾਕਾਰੀ ਲਈ ਜਾਣੇ ਜਾਂਦੇ ਸਨ । ਫ਼ਿਲਮਾਂ 'ਚ ਡਾਇਲੋਗ ਬੋਲਾਂ ਦੀ ਉਨ੍ਹਾਂ ਦੀ ਇਕ ਖਾਸ ਸ਼ੈਲੀ ਸੀ |

BYTE

ਉਨ੍ਹਾਂ ਨੇ 'ਪਰਿੰਦਾ', 'ਕ੍ਰਾਂਤੀਵੀਰ', 'ਅਬ ਤਕ ਛੱਪਨ', 'ਅਪਹਰਣ' , 'ਤਿਰੰਗਾ', 'ਅਗਨੀ ਸਾਕਸ਼ੀ' , 'ਰਾਜਨੀਤੀ'  ਅਤੇ 'ਵੈਲਕਮ' ਵਰਗੀਆਂ ਫਿਲਮਾਂ ਰਾਹੀਂ ਆਪਣੀ ਅਦਾਕਾਰੀ ਦਾ ਲੋਹਾ  ਮਨਵਾਇਆ |

---

ਅੱਜ ਭਾਰਤੀ ਹਵਾਈ ਸੈਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਾਲ ਦੇ ਹਵਾਈ ਸੈਨਾ ਦਿਵਸ ਦਾ ਵਿਸ਼ਾ 'ਭਾਰਤੀ ਹਵਾਈ ਸੈਨਾ - ਅਟੱਲ, ਅਭੇਦ ਅਤੇ ਸਟੀਕ' ਹੈ। ਹਵਾਈ ਸੈਨਾ ਦਿਵਸ ਤੋਂ ਪਹਿਲਾਂ ਦੀ ਸ਼ਾਮ ਆਕਾਸ਼ਵਾਣੀ ਰਾਹੀਂ ਦਿੱਤੇ ਗਏ ਇੱਕ ਸੰਦੇਸ਼ ਵਿੱਚ, ਹਵਾਈ ਸੈਨਾ ਮੁਖੀ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਚੌਕਸੀ ਅਤੇ ਦ੍ਰਿੜ੍ਹ ਵਚਨਬੱਧਤਾ ਨਾਲ ਦੇਸ਼ ਦੀ ਰੱਖਿਆ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ 'ਆਪਰੇਸ਼ਨ ਸਿੰਦੂਰ' ਨੇ ਏਕੀਕ੍ਰਿਤ ਹਵਾਈ ਕਾਰਵਾਈਆਂ ਦੀ ਫੈਸਲਾਕੁੰਨ ਸਮਰੱਥਾ ਦੀ ਪੁਸ਼ਟੀ ਕੀਤੀ ਅਤੇ ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਵਿੱਚ ਭਾਰਤੀ ਹਵਾਈ ਫੌਜ ਦੀ ਸਮਰੱਥਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ।

BYTE

ਏਅਰ ਚੀਫ਼ ਮਾਰਸ਼ਲ ਨੇ ਦੱਸਿਆ ਕਿ ਇਸ ਸਾਲ ਵੱਖ-ਵੱਖ ਮਹੱਤਵਪੂਰਨ ਗਤੀਵਿਧੀਆਂ—ਜਿਵੇਂ ਕਿ ਅਭਿਆਸ 'ਵਾਯੂਸ਼ਕਤੀ', ਦੁਵੱਲੇ ਅਭਿਆਸ, 'ਡਰੋਨਾਥੋਨ' ਅਤੇ ਚੱਲ ਰਹੇ ਇਤਿਹਾਸਕ ਬਹੁ-ਪੱਖੀ ਹਵਾਈ ਅਭਿਆਸ 'ਤਰੰਗ ਸ਼ਕਤੀ'—ਰਾਹੀਂ ਹਵਾਈ ਸੈਨਾ ਲਗਾਤਾਰ ਆਪਣੀ ਜੰਗੀ ਤਿਆਰੀ ਦਾ ਮੁਲਾਂਕਣ ਕਰ ਰਹੀ ਹੈ | ਉਨ੍ਹਾਂ ਅੱਗੇ ਕਿਹਾ ਕਿ ਜੰਗੀ ਤਿਆਰੀ ਤੋਂ ਇਲਾਵਾ, ਭਾਰਤੀ ਹਵਾਈ ਫੌਜ ਸੰਕਟ ਸਮੇਂ ਦੇਸ਼ ਅਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਅੱਗੇ ਆਈ ਹੈ।

-----------------------------------------------------------

ਸਰਕਾਰ ਨੇ ਕਿਹਾ ਹੈ ਕਿ ਦੇਸ਼ ਵਿੱਚ ਪਿਆਜ਼ ਦੀ ਉਪਲਬਧਤਾ ਵਿੱਚ ਸੁਧਾਰ ਹੋਇਆ ਹੈ ਅਤੇ ਕੀਮਤਾਂ ਘਟ ਰਹੀਆਂ ਨੇ । ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਅਨੁਸਾਰ, ਇਸ ਸਾਲ ਸਾਉਣੀ ਦੇ ਪਿਆਜ਼ ਦੀ ਕਾਸ਼ਤ ਵਿੱਚ ਵਾਧਾ ਹੋਇਆ ਹੈ। ਫਸਲ ਦੀ ਹਾਲਤ ਵਧੀਆ ਹੈ ਅਤੇ ਮੰਡੀਆਂ ਵਿੱਚ ਪਿਆਜ਼ ਦੀ ਆਮਦ ਵਧ ਰਹੀ ਹੈ। ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਤੋਂ ਨਵੇਂ ਪਿਆਜ਼ ਦੀ ਆਮਦ ਸ਼ੁਰੂ ਹੋ ਗਈ ਹੈ। ਆਉਣ ਵਾਲੇ ਹਫ਼ਤਿਆਂ ਵਿੱਚ ਇਨ੍ਹਾਂ ਰਾਜਾਂ ਤੋਂ ਸਪਲਾਈ ਹੋਰ ਵਧਣ ਦੀ ਉਮੀਦ ਹੈ, ਜਿਸ ਨਾਲ ਤਿਉਹਾਰਾਂ ਦੀ ਰੁੱਤ ਦੌਰਾਨ ਮੰਡੀ ਵਿੱਚ ਪਿਆਜ਼ ਦੀ ਉਪਲਬਧਤਾ ਵਿੱਚ ਸੁਧਾਰ ਹੋਵੇਗਾ।

-----------------------------------------------------------

BEIJING 'ਚ ਮਾਨੁਸ਼ ਸ਼ਾਹ ਅਤੇ ਦੀਆ ਚਿਤਾਲੇ ਦੀ ਜੋੜੀ ਨੇ WTT ਗ੍ਰੈਂਡ ਸਮੈਸ਼ ਟੇਬਲ ਟੈਨਿਸ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਏ । ਉਹ ਸੈਮੀਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ MIXED  ਡਬਲਜ਼ ਜੋੜੀ ਬਣ ਗਈ ਏ । ਕੱਲ੍ਹ, ਉਨ੍ਹਾਂ ਨੇ ਕੁਆਰਟਰ ਫਾਈਨਲ ਵਿੱਚ ਰੋਮਾਨੀਆ ਦੇ EDWARD ਆਇਓਨੇਸਕੂ ਅਤੇ ਬਰਨਾਡੇਟ SZOCZ  ਨੂੰ 11-9, 13-11,11-3 ਨਾਲ ਹਰਾਇਆ |

-----------------------------------------------------------

ਓਲੰਪਿਕ ਤਮਗਾ ਜੇਤੂ ਸਵਪਨਿਲ ਕੁਸਾਲੇ ਅਤੇ ਸਰਬਜੋਤ ਸਿੰਘ ਅੱਜ ਤੋਂ ਮਿਸਰ ਦੇ ਕਾਹਿਰਾ 'ਚ ਸ਼ੁਰੂ ਹੋ ਰਹੇ ISSF ਵਿਸ਼ਵ ਕੱਪ 2026 ਵਿੱਚ 35 ਮੈਂਬਰੀ ਭਾਰਤੀ ਨਿਸ਼ਾਨੇਬਾਜ਼ੀ ਟੀਮ ਦੀ ਅਗਵਾਈ ਕਰਨਗੇ। ਤਮਗਿਆਂ ਲਈ ਮੁਕਾਬਲੇ 10 ਤੋਂ 15 ਅਕਤੂਬਰ ਤੱਕ 'ਇਜਿਪਸ਼ੀਅਨ ਇੰਟਰਨੈਸ਼ਨਲ ਓਲੰਪਿਕ ਸਿਟੀ ਸ਼ੂਟਿੰਗ ਰੇਂਜ' ਵਿਖੇ ਕਰਵਾਏ ਜਾਣਗੇ।

---------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿਖੇ 10ਵੀਂ ਇੰਡੀਆ ਮੋਬਾਈਲ ਕਾਂਗਰਸ' ਦਾ ਉਦਘਾਟਨ ਕਰਨਗੇ।
- GST ਕੌਂਸਲ ਦੀ 57ਵੀਂ ਮੀਟਿੰਗ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋਵੇਗੀ।
- ਉਘੇ ਫਿਲਮ ਅਦਾਕਾਰ ਨਾਨਾ ਪਾਟੇਕਰ ਦਾ ਅੱਜ ਸਵੇਰੇ 75 ਸਾਲਾਂ ਦੀ ਉਮਰ 'ਚ ਦੇਹਾਂਤ ਹੋ ਗਿਆ ਏ |
- ਅੱਜ ਭਾਰਤੀ ਹਵਾਈ ਸੈਨਾ ਦਿਵਸ ਮਨਾਇਆ ਜਾ ਰਿਹਾ ਏ ।
- ਮਾਨੁਸ਼ ਸ਼ਾਹ ਅਤੇ ਦੀਆ ਚਿਤਾਲੇ ਦੀ ਭਾਰਤੀ ਜੋੜੀ ਨੇ CHINA ਗ੍ਰੈਂਡ ਸਮੈਸ਼ ਟੇਬਲ ਟੈਨਿਸ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਏ |

---------------------------------------------------------------

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**